Exam. Code: 0001
Sub. Code: 0008

2031

B.A./B.Sc.(General)-1st Semester

Punjabi (Elective)

Time allowed: 3 Hours | Max. Marks: 90

**ਨੋਟ:- ਸਾਰੇ ਉੱਤਰ ਪ੍ਰਸ਼ਨ-ਪੱਤਰ ਅਨੁਸਾਰ ਕ੍ਰਮਵਾਰ ਹੱਲ ਕੀਤੇ ਜਾਣ। ਸਵਾਲਾਂ ਦੇ ਉੱਤਰ ਭਾਵ-ਪੂਰਤ ਅਤੇ ਸਪਸ਼ਟ ਹੋਣੇ ਚਾਹੀਦੇ ਹਨ। ਲਿਖਾਈ ਸਾਫ਼-ਸੁਥਰੀ ਹੋਣੀ ਚਾਹੀਦੀ ਹੈ?**

-*-*-*-

1. (ੳ) ਨਿਮਨਲਿਖਤ ਕਾਵਿ-ਟੋਟਿਆਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

ਹੋਰ ਤਾਂ ਸੁਫ਼ਨੇ ਸੁੱਤਿਆਂ ਆਉਂਦੇ,
ਆਉਂਣ ਇਹ ਜਾਗਣ ਨਾਲ,
ਪਹਿਲੋਂ ਤਾਂ ਆਉਂਦੇ ਸੰਙਦੇ-ਸੰਙਦੇ,
ਪਿੱਛੋਂ ਮਚਾਂਦੇ ਭੁਚਾਲ,
ਇਕ ਵੇਰੀ ਆਉਂਦੇ ਇਹ ਮੁੜ ਕੇ ਨਾ ਜਾਉਂਦੇ,
ਐਸੀ ਇਨ੍ਹਾਂ ਦੀ ਚਾਲ,
ਵੇਚਾਂ ਮੈਂ ਸੋਹਣਿਓ ਆਜ਼ਾਦੀ ਦੇ ਸੁਪਨੇ,
ਹੋਵੇ ਜੇ ਲੈਣ ਦਾ ਖਿਆਲ।

**ਜਾਂ**

ਹਜ਼ਾਰਾਂ ਹੀ ਸਾਲਾਂ ਤੋਂ ਇਹ ਕਹਿਣ ਵਾਲੇ,
ਕਈ ਤੁਰ ਗਏ ਪਰ ਇਹ ਬਾਕੀ ਹੈ ਦੁਨੀਆਂ।
ਉਹ ਤੱਤਾਂ ਦੀ ਕੁੱਝ ਅਸਲੀਅਤ ਹੀ ਨਾ ਸਮਝੇ,
ਜੋ ਕਹਿੰਦੇ ਰਹੇ, ਫ਼ਾਨੀ ਖ਼ਾਕੀ ਹੈ ਦੁਨੀਆਂ।
ਬੜੇ ਪੇਚ ਖਾ-ਖਾ ਕੇ ਚਲਦੀ ਹੈ ਦੁਨੀਆਂ,
ਇਹ ਮਰਦੀ ਨਹੀਂ ਪਰ ਬਦਲਦੀ ਏ ਦੁਨੀਆਂ।
ਹੈ ਬਦਲੀ ਦਾ ਦਿਨ ਜ਼ਿੰਦਗੀ ਦਾ ਸਵੇਰਾ,
ਨਹੀਂ ਮੌਤ ਦਾ ਜਗਤ-ਜੀਵਨ ਹਨੇਰਾ। (10)

(ਅ) ਇਹਦੇ ਵਰਗੀ ਤਾਂ ਦੁਨੀਆਂ ਭਰ ਵਿਚ ਕੋਈ ਭਲੀਮਾਣਸ ਧੀ ਨਹੀਂ ਹੋਣੀ, ਜਿਵੇਂ ਇਸ ਤੰਗੀ ਦੇ ਦਿਨ ਕੱਟੇ ਨੇ ਕਿਸੇ ਕੱਟ ਨਹੀਂ ਲੈਣੇ। ਦੋ ਘੁਮਾਂ ਜ਼ਮੀਨ ਏ, ਉਸ ਵਿਚੋਂ ਆਉਂਦਾ ਕੀ ਏ? ਉਸ ਸੁਹਰੇ ਦੇ ਭਾਵੇਂ ਚਿਤ-ਚੇਤੇ ਵੀ ਨਾ ਹੋਵੇ, ਇਹ ਵਿਚਾਰੀ ਮਰਨ ਡਹੀ ਹੋਈ ਏ।

**ਜਾਂ**

ਸਿੱਖੀ ਤੋਂ ਮੈਂ ਨਹੀਂ, ਤੇਰੇ ਵਰਗੇ ਮਨਮੁੱਖ ਬੇਮੁੱਖ ਹੋਏ ਨੇ, ਜਿਹੜੇ ਸਿੱਖੀ ਦੀ ਆੜ ਵਿਚ ਹੈਵਾਨਾਂ ਤੇ ਸ਼ੈਤਾਨਾਂ ਵਾਲੇ ਅਮਲ ਕਰਕੇ ਸਿੱਖੀ ਦੇ ਨਾਂ 'ਤੇ ਧੱਬਾ ਲਾ ਰਹੇ ਐ। ਮਜ਼ਹਬ ਦੇ ਅੰਨ੍ਹੇ ਜੋਸ਼ ਨੇ ਤੁਹਾਡੇ ਅੰਦਰੋਂ ਨੇਕੀ ਤੇ ਬਦੀ ਨੂੰ ਸਮਝਣ ਦੀ ਸੁਝ-ਬੂਝ ਹੀ ਮਿਟਾ ਦਿੱਤੀ ਹੈ। (10)

***P.T.O.***

2. (ੳ) ਕਿਸੇ ਇਕ ਕਵਿਤਾ ਦਾ ਵਿਸ਼ਾ-ਵਸਤੂ/ਥੀਮ ਲਿਖੋ:-
   (1) ਕੇਲੋ ਦੇ ਗਲ ਲੱਗੀ ਵੇਲ (ਭਾਈ ਵੀਰ ਸਿੰਘ)
   (2) ਜਵਾਨ ਪੰਜਾਬ ਦੇ (ਪ੍ਰੋ. ਪੂਰਨ ਸਿੰਘ) (10)

   (ਅ) 'ਬੇਈਮਾਨ' ਇਕਾਂਗੀ ਦੀ ਸਾਹਿਤਿਕ ਦ੍ਰਿਸ਼ਟੀਕੋਣ ਤੋਂ ਪਰਖ ਕਰੋ।

   ਜਾਂ

   'ਅੰਨ੍ਹੇ-ਕਾਣੇ' ਇਕਾਂਗੀ ਦਾ ਵਿਸ਼ਾ-ਵਸਤੂ ਆਪਣੇ ਸ਼ਬਦਾਂ ਵਿੱਚ ਲਿਖੋ। (10)

3. ਨਿਮਨਲਿਖਤ ਵਿਚੋਂ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਕਵਿਤਾ ਭਾਗ ਤੇ ਇਕਾਂਗੀ ਭਾਗ ਵਿਚੋਂ ਦੋ-ਦੋ ਪ੍ਰਸ਼ਨ ਕਰਨੇ ਲਾਜ਼ਮੀ ਹਨ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿਚੋਂ ਕੀਤਾ ਜਾ ਸਕਦਾ ਹੈ:-

**ਕਵਿਤਾ ਭਾਗ**

(ੳ) 'ਛੱਤੋ ਦੀ ਬੇਰੀ' ਕਵਿਤਾ ਵਿਚ ਵਡੇਰੀ (ਜਵਾਨ) ਉਮਰ ਵਿਚ ਪੁੱਜਾ ਕਵੀ ਛੱਤੋਂ ਮਾਈ ਦੀਆਂ ਗਾਲ੍ਹਾਂ ਸੰਬੰਧੀ ਸੋਚ ਕੇ ਕੀ ਅਨੁਭਵ ਕਰਦਾ ਹੈ?

(ਅ) 'ਤਵਾਰੀਖ ਨਜ਼ਮ ਵਿਚੋ' ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਕਿਸ ਨੂੰ ਸੰਬੋਧਨ ਕਰਦੀ ਹੈ ਤੇ ਕਿਉਂ?

(ੲ) 'ਸ਼ਿਵ ਕੁਮਾਰ ਬਟਾਲਵੀ' ਦੀ ਕਵਿਤਾ 'ਲੂਣਾਂ-ਈਰਾ' ਵਿਚ ਲੂਣਾਂ ਨੂੰ ਲੋਕਾਂ ਵਿਰੁੱਧ ਕੀ ਸ਼ਿਕਾਇਤ ਹੈ?

(ਸ) 'ਫ਼ੈਸਲਾ' ਕਵਿਤਾ ਵਿਚ ਕਵੀ ਜਗਤਾਰ ਹੁਕਮਰਾਨ ਸ਼ਕਤੀਆਂ ਨੂੰ ਕੀ ਫ਼ੈਸਲਾ ਸੁਣਾਉਂਦਾ ਹੈ?

**ਇਕਾਂਗੀ ਭਾਗ**

(ਹ) 'ਮਨ ਦੀਆਂ ਮਨ ਵਿੱਚ' ਇਕਾਂਗੀ ਦਾ ਸਫ਼ਲ ਮੰਚਨ ਹੋ ਸਕਦਾ ਹੈ ਜਾਂ ਨਹੀਂ?

(ਕ) 'ਤਾਸ਼ ਦੀ ਬਾਜ਼ੀ' ਇਕਾਂਗੀ ਦਾ ਲੇਖਕ ਕੌਣ ਹੈ? ਇਸ ਦੇ ਪਾਤਰਾਂ ਦੇ ਨਾਂ ਦੱਸੋ.

(ਖ) ਭਗਤ ਸਿੰਘ ਦੀ ਨੌਕਰੀ ਛੁੱਟ ਜਾਣ 'ਤੇ ਪਰਤਾਪ ਉਸ ਨੂੰ ਕੀ ਦਿਲਾਸਾ ਦਿੰਦਾ ਹੈ?

(ਗ) ਗੁਰਮੁੱਖ ਸਿੰਘ (ਅੰਨ੍ਹੇ-ਨਿਸ਼ਾਨਚੀ) ਖੜਕ ਸਿੰਘ ਤੇ ਫੱਟੇ ਚੱਕ ਨੂੰ ਧਰਮ ਦੇ ਸਹੀ ਅਰਥ ਕਿਵੇਂ ਸਮਝਾਉਂਦਾ ਹੈ? (5×2)

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਚਾਰ ਦੇ ਉੱਤਰ ਦਿਉ। ਉੱਤਰ ਸੰਖੇਪ ਵਿਚ ਹੋਣ:-

(ੳ) ਆਧੁਨਿਕ ਪੰਜਾਬੀ ਸਾਹਿਤ ਦਾ ਆਰੰਭ ਕਦੋਂ ਹੋਇਆ? ਆਧੁਨਿਕ ਪੰਜਾਬੀ ਕਵਿਤਾ ਵਿਚ ਕਿਹੜੀਆਂ-ਕਿਹੜੀਆਂ ਪ੍ਰਵਿਰਤੀਆਂ ਨੇ ਜਨਮ ਲਿਆ?

(ਅ) ਭਾਈ ਵੀਰ ਸਿੰਘ ਦੀਆਂ ਸੰਪੂਰਨ ਰਚਨਾਵਾਂ ਬਾਰੇ ਦੱਸਦੇ ਹੋਏ ਉਨ੍ਹਾਂ ਨੂੰ ਮਿਲੇ ਸਨਮਾਨਾਂ ਬਾਰੇ ਵੀ ਜਾਣਕਾਰੀ ਦਿਉ.

*Contd.......P/3*

(ੲ) ਸ਼ਿਵ ਕੁਮਾਰ ਬਟਾਲਵੀ ਦੇ ਪੰਜ ਕਾਵਿ-ਸੰਗ੍ਰਹਿਆਂ ਦੇ ਨਾਂ ਦੱਸਦੇ ਹੋਏ, ਉਸ ਦੀ ਕਵਿਤਾ ਦੇ ਵਿਸ਼ਿਆਂ ਬਾਰੇ ਸੰਖੇਪ ਜਾਣਕਾਰੀ ਦਿਉ.

(ਸ) ਪੰਜਾਬੀ ਦੇ ਚਾਰ ਸ਼ਤਾਬਦੀ ਨਾਟਕਾਂ ਤੇ ਉਨ੍ਹਾਂ ਦੇ ਲੇਖਕਾਂ ਦੇ ਨਾਂ ਲਿਖੋ.

(ਹ) ਪਾਲੀ ਭੁਪਿੰਦਰ ਦੇ ਪੰਜ ਨਾਟਕਾਂ ਅਤੇ ਪੰਜ ਇਕਾਂਗੀਆਂ ਦੇ ਨਾਂ ਲਿਖੋ.

(ਕ) ਬਲਵੰਤ ਗਾਰਗੀ ਦੀ ਨਾਟਕ ਤੇ ਇਕਾਂਗੀ ਰਚਨਾ ਦਾ ਵੇਰਵਾ ਦਿਉ. ਉਸ ਨੂੰ ਕਿਹੜੀ ਪੁਸਤਕ 'ਤੇ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ।

(4X5)

5. ਭਾਸ਼ਾ ਦੀ ਪ੍ਰੀਭਾਸ਼ਾ ਦੱਸਦਿਆਂ ਭਾਸ਼ਾ ਦੀ ਪ੍ਰਕਿਰਤੀ, ਪ੍ਰਯੋਜਨ ਤੇ ਮਹੱਤਵ ਸੰਬੰਧੀ ਜਾਣਕਾਰੀ ਦਿਉ.

**ਜਾਂ**

ਪੰਜਾਬੀ ਭਾਸ਼ਾ ਦੀਆਂ ਉਹ ਕਿਹੜੀਆਂ ਵਿਸ਼ੇਸ਼ਤਾਵਾਂ ਹਨ ਜੋ ਉਸ ਦੇ ਨਿਵੇਕਲੇ ਮੁਹਾਂਦਰੇ ਨੂੰ ਪੇਸ਼ ਕਰਦੀਆਂ ਹਨ। (10)

6. ਹੇਠ ਲਿਖੇ ਸਾਹਿਤ ਰੂਪਾਂ ਵਿਚੋਂ ਕਿਸੇ ਇਕ ਦੀ ਪ੍ਰੀਭਾਸ਼ਾ ਅਤੇ ਤੱਤਾਂ ਦਾ ਵਰਣਨ ਕਰੋ:-

(ੳ) ਗਜ਼ਲ

(ਅ) ਗੀਤ (10)

-*-*-*-